# ਇਹ ਹਮਾਰਾ ਜੀਵਣਾ

20-7-96

ਗੁਰਸ਼ਰਨ ਸਿੰਘ

## ਲਾਅਣਤ ਵਾਲੀ ਗੱਲ

ਨਰਸਿਮ੍ਹਾ ਰਾਓ ਨੂੰ 420 ਦੇ ਕੇਸ ਵਿਚ ਸੰਮਨ ਜਾਰੀ ਹੋਏ ਹਨ। ਕਾਂਗਰਸ ਹਾਈ ਕਮਾਂਡ ਨੇ ਫੈਸਲਾ ਲਿਆ ਹੈ ਕਿ ਨਰਸਿਮ੍ਹਾ ਰਾਓ ਨੂੰ ਪ੍ਰਧਾਨਗੀ ਪਦ ਤੋਂ ਅਸਤੀਫਾ ਦੇਣ ਦੀ ਕੋਈ ਲੋੜ ਨਹੀਂ। ਥੱਲਵੀਂ ਕੋਰਟ ਦੇ ਫੈਸਲੇ ਵਿਰੁੱਧ ਉਤਲੀ ਕੋਰਟ ਵਿਚ ਅਪੀਲ ਦਾਇਰ ਕੀਤੀ ਜਾਵੇ। ਵਿਰੋਧੀਆਂ ਨੇ ਕਿਹਾ ਕਿ ਹਵਾਲਾ ਕਾਂਡ ਵੇਲੇ ਸਾਡੇ ਕੋਲੋਂ ਤਾਂ ਝੱਟ ਅਸਤੀਫੇ ਲੈ ਲਏ ਗਏ ਸਨ, ਰਾਓ ਕੋਲੋਂ ਕਿਉਂ ਨਹੀਂ? ਕਾਂਗਰਸ ਦੇ ਅੰਦਰਲੇ ਹਲਕਿਆਂ ਵਿਚ ਬਹਿਸ ਜਾਰੀ ਹੈ ਪਰ ਇਕ ਗੱਲ 90 ਕਰੋੜ ਦੀ ਭਾਰਤੀ ਕੌਮ ਲਈ ਲਾਅਣਤ ਵਾਲੀ ਹੈ ਕਿ ਇਕ ਐਸਾ ਬੰਦਾ 5 ਸਾਲ ਉਹਨਾਂ ਦੀ ਤਕਦੀਰ ਦਾ ਮਾਲਕ ਬਣਿਆ ਰਿਹਾ, ਜਿਸ ਨੂੰ ਆਪਣੇ ਹੀ ਦੇਸ਼ ਦੀ ਕਚਹਿਰੀ ਨੇ 420 ਦੇ ਦੋਸ਼ ਥੱਲੇ ਕਾਨੂੰਨ ਦੀ ਜ਼ਦ ਵਿਚ ਲਿਆਂਦਾ ਹੈ।

## ਜਸਟਿਸ ਕੁਲਦੀਪ ਸਿੰਘ

ਦੇਸ਼ ਦੀ ਸਮੁੱਚੀ ਅਵਸਥਾ ਤੋਂ ਜਦੋਂ ਮਾਯੂਸੀ ਹੁੰਦੀ ਹੈ ਤਾਂ ਕੁੱਝ ਲੋਕਾਂ ਦੇ ਕੰਮ ਬਾਰੇ ਨੋਟਿਸ ਲੈਣਾ ਜ਼ਰੂਰੀ ਹੋ ਜਾਂਦਾ ਹੈ। ਇਹਨਾਂ ਵਿਚ ਇਕ ਸ਼ਖਸੀਅਤ ਸੁਪਰੀਮ ਕੋਰਟ ਦੇ ਜੱਜ ਜਸਟਿਸ ਕੁਲਦੀਪ ਸਿੰਘ ਹਨ। ਪਿਛਲੇ ਕੁਝ ਸਾਲਾਂ ਵਿਚ ਇਹਨਾਂ ਨੇ ਇਤਿਹਾਸਕ ਅਦਾਲਤੀ ਫੈਸਲੇ ਸੁਣਾਏ ਹਨ, ਜਿਨ੍ਹਾਂ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਸਰਕਾਰੀ ਅਦਾਰਿਆਂ ਦੀ ਲੋਕਾਂ ਵੱਲ ਅਣਗਹਿਲੀ ਬਾਰੇ ਫਰਿਯਾਦੀਆਂ ਨੂੰ ਇਨਸਾਫ ਦਿੱਤਾ ਹੈ। ਸਰਕਾਰੀ ਮਹਿਕਮਿਆਂ ਨੂੰ ਵੱਡੇ ਜੁਰਮਾਨੇ ਕੀਤੇ ਹਨ। ਵਾਤਾਵਰਣ ਦੇ ਪ੍ਰਦੂਸ਼ਣ ਨੂੰ ਰੋਕਣਾ ਇਹਨਾਂ ਦਾ ਪਹਿਲਾ ਫਿਕਰ ਹੈ। ਆਮ ਲੋਕਾਂ ਦੇ ਹਿੱਤ ਵਿਚ ਇਨਸਾਫ ਦੇ ਪਹਿਲੂ ਤੋਂ ਇਨਸਾਫ ਕਰਨ ਵਾਲੇ ਇਸ ਵਿਅਕਤੀ ਨੂੰ ਸਾਡਾ ਸਲਾਮ ਕਰਨਾ ਬਣਦਾ ਹੈ।

## ਸ਼ਾਬਾਸ਼ ਪੰਜਾਬ ਖੇਤੀਬਾੜੀ ਯੂਨੀਵਰਸਿਟੀ

ਪੰਜਾਬ ਦਾ ਕੁਲ ਰਕਬਾ ਦੇਸ਼ ਦਾ 1.5 ਫੀਸਦੀ ਹੈ ਯਾਨੀ ਪੰਜਾਬ ਕੋਲ ਕੁਲ ਦੇਸ਼ ਦੀ ਜ਼ਮੀਨ ਦਾ 100 ਵਿਚੋਂ ਸਿਰਫ ਡੇਢ ਹਿੱਸਾ ਹੈ ਪਰ ਇਸਦੀ ਦੇਸ਼ ਨੂੰ ਦੇਣ ਕਣਕ ਵਿਚ 22 ਫੀਸਦੀ, ਝੋਨੇ ਵਿਚ 9 ਫੀਸਦੀ, ਕਪਾਹ ਵਿਚ 24 ਫੀਸਦੀ, ਦੁੱਧ ਵਿਚ 10 ਫੀਸਦੀ, ਖੁੰਬਾਂ ਵਿਚ 20 ਫੀਸਦੀ ਹੈ। ਖੇਤੀ ਵਿਚ ਪੰਜਾਬ ਭਾਰਤ ਵਿਚ ਸਰਵ ਉੱਤਮ ਹੈ। ਇਹੀ ਕਾਰਨ ਹੈ ਕਿ ਵਾਰ-ਵਾਰ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਯੂਰਪ ਦੇ ਦੇਸ਼ਾਂ ਦੇ ਬਰਾਬਰ ਉੱਚਾ ਚੁੱਕਿਆ ਜਾ ਸਕਦਾ ਹੈ। ਸਿਰਫ ਲੋੜ ਸਹੀ ਕਿਸਮ ਦੀ ਵਿਉਂਤਬੰਦੀ ਦੀ ਹੈ। ਪੰਜਾਬ ਦੀ ਖੇਤੀ ਦਾ ਪੱਧਰ ਉੱਚਾ ਚੁੱਕਣ ਦਾ ਵੱਡਾ ਸਿਹਰਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਜਾਂਦਾ ਹੈ। 34 ਸਾਲ ਪਹਿਲਾਂ ਇਹਦੀ ਸਥਾਪਤੀ ਵੇਲੇ ਡਾ. ਮਹਿੰਦਰ ਸਿੰਘ ਰੰਧਾਵਾ ਨੇ ਜੋ ਇਸਦੀ ਵਿਉਂਤਬੰਦੀ ਕੀਤੀ ਸੀ, ਉਹਦੇ ਨਤੀਜੇ ਆਉਣ ਵਾਲੇ ਸਮੇਂ ਵਿਚ ਨਿਕਲੇ ਹਨ। ਇਸ ਯੂਨੀਵਰਸਿਟੀ ਨੂੰ ਭਾਰਤ ਦੀ ਖੇਤੀਬਾੜੀ ਦੀ ਸਰਵ ਉੱਚ ਸੰਸਥਾ ਆਈ.ਸੀ.ਏ.ਆਰ. (ਇੰਡੀਅਨ ਕੌਂਸਲ ਆਫ ਐਗਰੀਕਲਚਰ ਰੀਸਰਚ) ਵਲੋਂ ਸਭ ਤੋਂ ਵੱਡਾ ਸਨਮਾਨ ਦਿੱਤਾ ਗਿਆ ਹੈ। ਇਹ ਯੂਨੀਵਰਸਿਟੀ ਸਾਡੀ ਸ਼ਾਬਾਸ਼ ਦੀ ਹੱਕਦਾਰ ਹੈ।

**100 ਫੀਸਦੀ ਸਾਖਰਤਾ, ਸਾਖਰਤਾ ਰਾਹੀਂ ਸਮਾਜਕ ਚੇਤਨਾ, ਸਮਾਜਕ ਚੇਤਨਾ ਰਾਹੀਂ ਬਰਾਬਰਤਾ ਦਾ ਸਮਾਜ ਬਣਾਉਣ ਦਾ ਉਦੇਸ਼ ਅਤੇ ਉਦੇਸ਼ ਦੀ ਪ੍ਰਾਪਤੀ ਲਈ ਲਾਮਬੰਦੀ, ਇਹ ਇਕੋ ਹੀ ਜੰਜ਼ੀਰ ਦੀਆਂ ਵੱਖ-ਵੱਖ ਕੜੀਆਂ ਹਨ। ਸਾਖਰਤਾ ਦੇ ਉਦੇਸ਼ਾਂ ਬਾਰੇ ਸਿਧਾਂਤਕ ਪੱਖ ਤੋਂ ਕੋਈ ਵਿਵਾਦ ਹੋ ਸਕਦੇ ਹਨ ਤੇ ਹੋਣੇ ਵੀ ਚਾਹੀਦੇ ਹਨ ਪਰ ਸਮਾਜ ਦੇ ਵਿਕਾਸ ਲਈ ਇਹ ਇਕ ਅਹਿਮ ਕਦਮ ਹੈ। ਉਹ ਸਾਰੇ ਲੋਕ ਜਿਹੜੇ ਇਸ ਲਹਿਰ ਵਿਚ ਸੁਹਿਰਦ ਤੌਰ 'ਤੇ ਸਰਗਰਮ ਹਨ, ਸਾਡੀ ਪ੍ਰਸ਼ੰਸਾ ਦੇ ਹੱਕਦਾਰ ਹਨ,ਉਹਦੇ ਵਿਚ ਵਿੰਨੀ ਮਹਾਜਨ ਵੀ ਸ਼ਾਮਲ ਹੈ।**

## ਸਾਖਰਤਾ ਬਨਾਮ ਵਿੰਨੀ ਮਹਾਜਨ, ਡਿਪਟੀ ਕਮਿਸ਼ਨਰ ਰੋਪੜ

ਰੋਪੜ ਜ਼ਿਲ੍ਹੇ ਵਿਚ ਜੰਗੀ ਪੱਧਰ 'ਤੇ 100 ਦਿਨਾਂ ਵਿਚ 100 ਫੀਸਦੀ ਸਾਖਰਤਾ ਦੀ ਮੁਹਿੰਮ 13 ਜੁਲਾਈ ਨੂੰ ਇਕ ਵਿਸ਼ਾਲ ਸਮਾਗਮ ਵਿਚ ਆਰੰਭੀ ਗਈ ਹੈ। ਇਸ ਮੁਹਿੰਮ ਲਈ ਜਿਸ ਜੰਗੀ ਪੱਧਰ ਦੀ ਲਾਮਬੰਦੀ ਕੀਤੀ ਗਈ ਹੈ ਇਹ ਇਕ ਆਪਣੇ ਆਪ ਵਿਚ ਮਿਸਾਲ ਹੈ ਕਿ ਜੇਕਰ ਸਰਕਾਰ ਦਾ ਮੁੱਖੀ ਕਿਸੇ ਕੰਮ ਲਈ ਸੁਹਿਰਦ ਹੋਵੇ ਤਾਂ ਐਲਾਨੀਆ ਉਦੇਸ਼ ਹਾਸਲ ਕਰਨਾ ਕੋਈ ਮੁਸ਼ਕਲ ਨਹੀਂ। ਇਸ ਗੱਲ ਦਾ ਸਿਹਰਾ ਅੰਗਰੇਜ਼ਾਂ ਨੂੰ ਜਾਂਦਾ ਹੈ। ਭਾਵੇਂ ਉਹਨਾਂ ਨੇ ਇਹ ਸਭ ਕੁਝ ਆਪਣੇ ਸਾਮਰਾਜੀ ਮਕਸਦਾਂ ਲਈ ਹੀ ਕੀਤਾ ਸੀ ਕਿ ਇਸ ਦੇਸ਼ ਵਿਚ ਇਕ ਐਸਾ ਪ੍ਰਬੰਧਕੀ ਢਾਂਚਾ ਮੌਜੂਦ ਹੈ ਕਿ ਦੂਰ-ਦੁਰਾਡੇ ਪਿੰਡਾਂ ਅਤੇ ਉਹਨਾਂ ਦੇ ਲੋਕਾਂ ਦਾ ਸੰਪਰਕ ਜ਼ਿਲ੍ਹਾ ਹੈਡਕੁਆਟਰ ਨਾਲ ਕਾਇਮ ਹੈ। ਪਿੰਡ ਦੇ ਪਟਵਾਰੀ ਤੋਂ ਲੈ ਕੇ ਡਿਪਟੀ ਕਮਿਸ਼ਨਰ ਇਕ ਲੜੀ ਵਿਚ ਪਰੋਏ ਹੋਏ ਹਨ। ਕੋਈ ਸਕੀਮ ਲੋਕਾਂ ਤੱਕ ਪੁਚਾਣੀ ਹੋਵੇ ਤਾਂ ਮਸ਼ੀਨਰੀ ਦੇ ਜ਼ਰੀਏ ਇਹ ਪੁਚਾਣੀ ਮੁਸ਼ਕਲ ਨਹੀਂ। ਜੇ ਇਹ ਮਿੱਥ ਲਿਆ ਜਾਏ ਕਿ ਜ਼ਿੰਦਗੀ ਜੀਣ ਦੀਆਂ ਆਧੁਨਿਕ ਸਹੂਲਤਾਂ ਹਰ ਇਕ ਪਿੰਡ ਵਿਚ, ਹਰ ਇਕ ਘਰ ਵਿਚ ਤੇ ਹਰ ਇਕ ਵਿਅਕਤੀ ਨੂੰ ਪਹੁਚਾਉਣੀਆਂ ਹਨ ਤਾਂ ਇਹ ਕੰਮ ਬਿਲਕੁਲ ਹੀ ਮੁਸ਼ਕਲ ਨਹੀਂ। ਸਿਰਫ ਇਰਾਦਾ ਹੋਣਾ ਚਾਹੀਦਾ ਹੈ। 100 ਫੀਸਦੀ ਸਾਖਰਤਾ, ਸਾਖਰਤਾ ਰਾਹੀਂ ਸਮਾਜਕ ਚੇਤਨਾ, ਸਮਾਜਕ ਚੇਤਨਾ ਰਾਹੀਂ ਬਰਾਬਰਤਾ ਦਾ ਸਮਾਜ ਬਣਾਉਣ ਦਾ ਉਦੇਸ਼ ਅਤੇ ਉਦੇਸ਼ ਦੀ ਪ੍ਰਾਪਤੀ ਲਈ ਲਾਮਬੰਦੀ, ਇਹ ਇਕੋ ਹੀ ਜੰਜ਼ੀਰ ਦੀਆਂ ਵੱਖ-ਵੱਖ ਕੜੀਆਂ ਹਨ। ਸਾਖਰਤਾ ਦੇ ਉਦੇਸ਼ਾਂ ਬਾਰੇ ਸਿਧਾਂਤਕ ਪੱਖ ਤੋਂ ਕੋਈ ਵਿਵਾਦ ਹੋ ਸਕਦੇ ਹਨ ਤੇ ਹੋਣੇ ਵੀ ਚਾਹੀਦੇ ਹਨ ਪਰ ਸਮਾਜ ਦੇ ਵਿਕਾਸ ਲਈ ਇਹ ਇਕ ਅਹਿਮ ਕਦਮ ਹੈ। ਉਹ ਸਾਰੇ ਲੋਕ ਜਿਹੜੇ ਇਸ ਲਹਿਰ ਵਿਚ ਸੁਹਿਰਦ ਤੌਰ 'ਤੇ ਸਰਗਰਮ ਹਨ, ਸਾਡੀ ਪ੍ਰਸ਼ੰਸਾ ਦੇ ਹੱਕਦਾਰ ਹਨ,ਉਹਦੇ ਵਿਚ ਵਿੰਨੀ ਮਹਾਜਨ ਵੀ ਸ਼ਾਮਲ ਹੈ।

## ਟੈਕਸ ਨੀਤੀ

ਕੋਈ ਕੰਮ ਕਰਨ ਲਈ ਸਰਕਾਰ ਨੂੰ ਪੈਸੇ ਦੀ ਲੋੜ ਹੈ ਤੇ ਇਹ ਪੈਸਾ ਟੈਕਸਾਂ ਰਾਹੀਂ ਹੀ ਆਉਂਦਾ ਹੈ। ਚੰਗੀ ਸਰਕਾਰ ਦੀ ਪਰਖ ਇਸ ਗੱਲ ਵਿਚ ਹੈ ਕਿ ਉਹਨੇ ਆਪਣੀ ਟੈਕਸ ਨੀਤੀ ਕੀ ਬਣਾਈ ਹੈ। 48 ਸਾਲਾਂ ਤੋਂ ਜਿਹੜੀ ਨੀਤੀ ਚੱਲ ਰਹੀ ਹੈ,ਉਹਦੇ ਭਿਆਨਕ ਨਤੀਜੇ ਸਾਡੇ ਸਾਹਮਣੇ ਹਨ। ਸਰਕਾਰੀ ਖਜ਼ਾਨਾ ਖਾਲੀ ਹੈ। ਜੇ ਅਸੂਲ ਦੀ ਗੱਲ ਕਰੀਏ ਤਾਂ ਟੈਕਸ ਨੀਤੀ ਇਹ ਹੋਣੀ ਚਾਹੀਦੀ ਹੈ ਕਿ ਵੱਡੇ ਲੋਕਾਂ ਉੱਤੇ ਵੱਧ ਤੋਂ ਵੱਧ ਟੈਕਸ ਲਗਾਏ ਜਾਣ ਅਤੇ ਗਰੀਬ ਲੋਕਾਂ ਨੂੰ ਵੱਧ ਤੋਂ ਵੱਧ ਰਾਹਤ ਦਿੱਤੀ ਜਾਏ। ਵੱਡੇ ਤੋਂ ਵੱਡੇ ਲੋਕ, ਵੱਡੇ ਲੋਕ, ਦਰਮਿਆਨੇ ਲੋਕ, ਗਰੀਬ ਲੋਕ ਅਤੇ ਅਤਿ ਗਰੀਬ ਲੋਕਾਂ ਦੀ ਪਹਿਚਾਣ ਅਤੇ ਨਿਸ਼ਾਨਦੇਹੀ ਹੁਣ ਕੋਈ ਮੁਸ਼ਕਲ ਨਹੀਂ। ਸਰਕਾਰ ਕੋਲ ਇਹ ਪਹਿਚਾਣ ਕਰਨ ਲਈ ਉਤੋਂ ਤੋਂ ਥੱਲੇ ਤੱਕ ਪੂਰਾ ਸਰਕਾਰੀ ਢਾਂਚਾ ਕਾਇਮ ਹੈ। ਜਾਇਦਾਦ ਦੇ ਅਧਾਰ ਤੇ, ਆਮਦਨ ਦੇ ਅਧਾਰ ਤੇ ਹਲਫੀਆ ਬਿਆਨ ਵੀ ਲਏ ਜਾ ਸਕਦੇ ਹਨ। ਇਹਨਾਂ ਦੀ ਤਸਦੀਕ ਵੀ ਹੋ ਸਕਦੀ ਹੈ। ਜਾਣਕਾਰੀ ਨੂੰ ਵਿਸ਼ੇਸ਼ ਫਾਰਮੂਲਾ ਦੇਣ ਲਈ ਕੰਪਿਊਟਰ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ। ਉਦੇਸ਼ ਹੈ ਕਿ ਵੱਡੇ ਲੋਕ ਟੈਕਸਾਂ ਤੋਂ ਬਚਣ ਨਾ ਅਤੇ ਗਰੀਬ ਰਾਹਤ ਤੋਂ ਵਾਂਝੇ ਨਾ ਰਹਿਣ। ਸਮਾਜਕ ਨਿਆਂ, ਟੈਕਸ ਨੀਤੀ ਦਾ ਉਦੇਸ਼ ਹੋਣਾ ਚਾਹੀਦਾ ਹੈ। ਨਵੇਂ ਹਾਲਾਤ ਵਿਚ ਖੱਬੀਆਂ ਪਾਰਟੀਆਂ ਇਸ ਵਿਚ ਦੀ ਭੂਮਿਕਾ ਨਿਭਾ ਸਕਦੀਆਂ ਹਨ, ਸਾਧਾਰਨ ਲੋਕਾਂ ਨੂੰ ਇਸ ਦੀ ਉਡੀਕ ਹੋਵੇਗੀ।

## ਪਹਿਰੇਦਾਰੀ ਦੀ ਮਿਸਾਲ

ਵੈਟਰਨਰੀ ਹਸਪਤਾਲਾਂ ਲਈ ਖਰੀਦੇ ਸਾਜ਼ੋ-ਸਾਮਾਨ 'ਚ ਕਰੋੜਾਂ ਦਾ ਘਪਲਾ ਹੋਇਆ ਹੈ। ਕਈ ਚੀਜ਼ਾਂ ਦੀ ਮਾਰਕੀਟ ਦੀ ਕੀਮਤ ਤੋਂ 7 ਗੁਣਾ ਵੱਧ ਕੀਮਤ 'ਤੇ ਖਰੀਦ ਕੀਤੀ ਗਈ ਹੈ। ਸਾਰਿਆਂ ਨਾਲੋਂ ਵੱਡੀ ਗੱਲ ਇਹ ਹੈ ਕਿ ਇਸ ਘਪਲੇ ਨੂੰ ਇਸ ਮਹਿਕਮੇ ਦੀ ਅਫਸਰਾਂ ਦੀ ਜਥੇਬੰਦੀ ਦੇ ਪ੍ਰਧਾਨ ਡਾ. ਗੁਰਚਰਨ ਸਿੰਘ ਚਾਹਿਲ ਵਲੋਂ ਨੰਗਾ ਕੀਤਾ ਗਿਆ ਹੈ। ਮਹਿਕਮੇ ਦੀਆਂ ਮੁਲਾਜ਼ਮ ਅਤੇ ਅਫਸਰ ਜਥੇਬੰਦੀਆਂ ਜੇ ਇਸ ਕਿਸਮ ਦੀ ਪਹਿਰੇਦਾਰੀ ਨੂੰ ਆਪਣਾ ਮੁੱਖ ਫਰਜ਼ ਸਮਝਣ ਤਾਂ ਪਬਲਿਕ ਸੈਕਟਰ ਦੇ ਅਦਾਰਿਆਂ ਦਾ ਵੀ ਭਲਾ ਹੋਵੇਗਾ ਅਤੇ ਲੋਕਾਂ ਦਾ ਵੀ ਭਲਾ ਹੋਵੇਗਾ। ਨਾਲ ਹੀ ਵਜ਼ੀਰਾਂ ਅਤੇ ਵੱਡੇ ਅਫਸਰਾਂ ਦੀ ਮਿਲੀਭੁਗਤ ਨੂੰ ਵੀ ਨੱਥ ਪਾਈ ਜਾ ਸਕੇਗੀ।